## 6 ਭਗਤ ਦੁਨਿਆਵੀ ਨਿਸ਼ਾਨੀਆਂ ਦੇ ਮੁਥਾਜ ਨਹੀਂ:

ਪਉੜੀ ॥

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥

ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥

ਇਹ ਜੈਤਸਰੀ ਕੀ ਵਾਰ ਮਹਲਾ ੫ ਦੀ ਸਤਵੀਂ ਪਉੜੀ ਹੈ। ਇਸ ਵਿਚ ਗੁਰੂ ਅਰਜਨ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਵਾਹਗੁਰੂ ਦਾ ਭਗਤ ਭਾਵੇਂ ਟੁਟੀ ਝੋਪੜੀ ਵਿਚ ਵਸਦਾ ਜਾਂ ਰਹਿੰਦਾ ਹੋਵੇ ਅਤੇ ਉਸਦੇ ਕਪੜੇ ਭਾਵੇਂ ਪਾਟੇ ਹੋਏ ਹੁੰਦੇ ਹੋਣ।

ਉਸਦੀ ਭਾਵੇਂ ਜਾਤਿ ਵੀ ਨੀਵੀਂ ਹੋਵੇ ਤੇ ਸਮਾਜ ਵਿਚ ਕੋਈ ਸਤਿਕਾਰ ਮਾਣ ਵੀ ਨਾ ਹੋਵੇ, ਨਾ ਹੀ ਰਹਿਣ ਨੂੰ ਕੋਈ ਘਰ ਘਾਟ ਹੋਵੇ ਤੇ ਸੁੰਞੀਆਂ ਥਾਵਾਂ ਤੇ ਹੀ ਭਟਕਦਾ ਫਿਰਦਾ ਹੋਵੇ, ਭਾਵ ਉਸਦਾ ਕੋਈ social circle ਵੀ ਨਾ ਹੋਵੇ।

ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥

ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥

ਭਾਵੇਂ ਉਸਦਾ ਕੋਈ ਮਿਤਰ ਨਾ ਹੋਵੇ, ਕੋਈ ਪਿਆਰ ਕਰਨ ਵਾਲਾ ਨਾ ਹੋਵੇ,

ਉਸ ਕੋਲ ਧਨ-ਦੌਲਤ ਵੀ ਨਾ ਹੋਵੇ, ਸੋਹਣਾ ਵੀ ਨਾ ਹੋਵੇ, ਕੋਈ ਸਾਕ ਸਬੰਧੀ, ਰਿਸ਼ਤੇਦਾਰ ਵੀ ਨਾ ਹੋਵੇ, ਇਸ ਸਭ ਦੇ ਬਾਵਜੂਦ, ਜਿਸ ਦਾ ਹਿਰਦਾ ਵਾਹਗੁਰੂ ਦੇ ਨਾਮ ਨਾਲ ਭਰਪੂਰ ਹੋਵੇ, ਉਹ ਹੀ ਅਸਲ ਵਿਚ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ (ਕਿਉਂਕਿ ਉਹ ਕਰਤਾ ਹੁੰਦਾ ਹੈ ਅਤੇ ਵਾਹਗੁਰੂ ਦੀ ਸ੍ਰਿਸ਼ਟੀ ਤੇ ਰਾਜ ਕਰਨ ਵਾਲੀ ਟੀਮ ਦਾ ਮੈਂਬਰ ਹੁੰਦਾ ਹੈ, ਤੇ ਸ੍ਰਿਸ਼ਟੀ ਉਸਦੇ ਬਣਾਏ ਨੇਮ ਵਿਚ ਚਲਦੀ ਹੈ)।

## ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥੭॥

ਅਜਿਹੇ ਮਨੁਖ ਦੇ ਚਰਨਾਂ ਦੀ ਧੂੜ ਨਾਲ ਜੀਵ ਤੇ ਵਾਹਗੁਰੂ ਖੁਸ਼ ਹੁੰਦਾ ਹੈ ਤੇ ਉਸ ਦੇ ਹੀ ਚਰਨਾਂ ਦੀ ਧੂੜ ਨਾਲ ਹੀ ਜੀਵ ਦਾ ਇਸ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ।

Last modified: 2 Mar 2020